ਗੀਤਾ ਵੀਚਾਰ

15493-ਪ

15493-ਪ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

154939
347

ਸਭ ਹਕ ਕਰਤਾ ਦੇ ਅਧੀਨ ਹਨ

# ★ ਨੀਂਗਾ ਦੀ ਵਾਰ ★

ਕ੍ਰਿਤ

ਗੁਰਦੇਵ ਸਿੰਘ 'ਰਾਏ' ਬੀ. ਏ.

ਮੂਲ: ਅੱਠ ਆਨੇ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

154939

# ਆਦਿ ਬਚਨ

20 ਅਕਤੂਬਰ 1962 ਨੂੰ ਚੀਨ ਨੇ ਭਾਰਤ ਉਤੇ ਵਿਸਾਹ ਘਾਤੀ ਹਮਲਾ ਕੀਤਾ। ਭਾਰਤ ਨੂੰ ਇਹ ਸੁਪਨਾ ਵੀ ਨਹੀਂ ਸੀ ਕਿ ਪੰਜ ਸ਼ੀਲ ਨੂੰ ਮੰਨਣ ਵਾਲਾ ਚੀਨ ਵਿਸਾਹ ਘਾਤੀ ਹੋ ਸਕਦਾ ਹੈ। ਭਾਰਤ ਤਾਂ ਗਰੀਬੀ ਨਾਲ ਜੰਗ ਕਰ ਰਿਹਾ ਸੀ। ਹੱਲਾ ਵੇਖ ਕੇ ਸਾਰੇ ਭਾਰਤ ਵਿਚ ਇਕ ਲਾਸਾਨੀ ਏਕਤਾ ਦੀ ਲਹਿਰ ਦੌੜ ਗਈ। ਚੀਨੀਆਂ ਨੂੰ ਇਕ ਝਟਕਾ ਜਿਹਾ ਵੱਜਾ। ਜਦੋਂ ਉਹਾਂ ਨੇ ਆਪਣੇ ਮੁਕਾਬਲੇ ਉਤੇ ਭਾਰਤੀਆਂ ਨੂੰ ਇਕ ਮੁਠ ਹੋਕੇ ਚਟਾਨ ਵਾਂਗ ਡਟਿਆ ਵੇਖਿਆ। ਹਰ ਭਾਰਤੀ ਜਵਾਨ ਨੇ ਸ਼ਹੀਦ ਹੋਣ ਤੋਂ ਪਹਿਲਾਂ ਛੇ ਸੱਤ ਚੀਨੀਆਂ ਨੂੰ ਮੌਤ ਦੇ ਘਾਟ ਉਤਾਰਿਆ। ਵਾਲੌਂਗ ਵਿਚ ਸਿਖ ਰਜਮੰਟ ਦੇ ਵੀਰ ਸਿਪਾਹੀ ਕੇਵਲ ਸਿੰਘ ਨੇ ਅਦੁਤੀ ਬਹਾਦਰੀ ਦਾ ਸਬੂਤ ਦਿੱਤਾ। ਨਮਕਾਂ ਚੋ ਦਰਿਆ ਦੇ ਕੰਢੇ ਰਾਜਪੂਤ ਰਜਮੰਟ ਦੇ ਕੰਪਨੀ ਹਵਾਲਦਾਰ ਸੁਦਾਗਰ ਸਿੰਘ ਨੇ ਇਸੇ ਤਰਾਂ ਅਤੀ ਬਹਾਦਰੀ ਦਾ ਕਾਰਨਾਮਾ ਦਰਸਾਇਆ। ਤਵਾਂਗ ਵਿਚ ਸੂਬੇਦਾਰ ਜੁਗਿੰਦਰ ਸਿੰਘ ਕਈ ਚੀਨੀਆਂ ਨੂੰ ਪਾਰ ਬੁਲਾ ਕੇ ਸ਼ਹੀਦ ਹੋਇਆ ਬੋਮਡੇਲਾ ਵਿਚ ਸਿਖ ਲਾਈਟ ਇਨਫੈਂਟਰੀ ਦੇ ਗਭਰੂ ਅਜਮੇਰ ਸਿੰਘ ਨੇ ਲੜਦਿਆਂ ਲੜਦਿਆਂ ਕਈ ਚੀਨੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦੀ ਪ੍ਰਾਪਤ ਕੀਤੀ। ਰਾਈਫਲ ਮੈਨ ਬੱਚੀ ਸਿੰਘ, ਮੇਜਰ ਸ਼ੈਤਾਨ ਸਿੰਘ, ਬਰਗੇਡੀਅਰ ਹੁਸ਼ਿਆਰ ਸਿੰਘ ਦੇ ਕਾਰਨਾਮੇਂ ਅਮਰ ਤੇ ਗੌਰਵਮਈ ਹਨ। ਹੋਰ ਬਹੁਤ ਭਾਰਤੀਆਂ ਨੇ ਅਦੁਤੀ ਕੁਰਬਾਨੀ ਦੀਆਂ ਉਦਾਹਰਨਾਂ ਕਾਇਮ ਕੀਤੀਆਂ। ਚੀਨੀ ਹਮਲੇ ਵਿਰੁਧ ਸਾਰਾ

Digitized by Panjab Digital Library | www.panjabdigilib.org

ਰਾਸ਼ਟਰ ਤਿਆਰ ਬਰ ਤਿਆਰ ਹੋ ਗਿਆ ਤੇ ਮੁਕਾਬਲਾ ਕਰਨ ਲਈ ਡਟ ਗਿਆ। ਇਹ ਵੇਖ ਕੇ ਜਾਬਰ ਚੀਨੀ ਨੇ ਆਪ ਹੀ ਲੜਾਈ ਬੰਦ ਕਰ ਦਿਤੀ ਤੇ ਪਿਛੇ ਹਟ ਬੈਠਾ ।

ਇਹ ਵਾਰ ਉਪ੍ਰੋਕਤ ਹਮਲੇ ਸੰਬੰਧੀ ਲਿਖੀ ਗਈ ਹੈ। ਮੈਨੂੰ ਪੂਰਨ ਆਸ ਹੈ ਕਿ ਇਹ ਕ੍ਰਿਤ ਭਾਰਤੀਆਂ ਵਿਚ ਦੇਸ਼ ਪਿਆਰ, ਉਤਸ਼ਾਹ ਤੇ ਆਪਾ ਵਾਰਨ ਦੀ ਸਪਿਰਟ ਭਰਦੀ ਰਹੇਗੀ ।

ਪ੍ਰਾਰਥਕ,

ਗੁਰਦੇਵ ਸਿੰਘ 'ਰਾਏ'

ਬੀ. ਏ.

ਰਕੜਾਂ (ਬੇਟ) ਪੋਸਟ ਆਫਿਸ ਬਲਾਚੌਰ

ਜ਼ਿਲਾ ਹੋਸ਼ਿਆਰ ਪੁਰ ।

ਤਾਰੀਖ : ਜਨਵਰੀ ੧੨, ੧੯੬੫

Digitized by Panjab Digital Library | www.panjabdigilib.org

੧

ਦਗਾ ਕਮਾਇਆ ਚੀਨ ਨੇ ਬਣ ਮਿੱਤਰ ਘਾਤੀ ।
ਪਾਈ ਹੱਥ ਮਿਲਾ ਕੇ ਬਣ ਦੁਸ਼ਮਣ ਝਾਤੀ ।
ਗਰਦਨ ਉਤੇ ਹਿੰਦ ਦੀ ਆ ਫੇਰੀ ਕਾਤੀ ।
ਅਮਨ ਬਗੀਚੇ ਵਿਚ ਆਣਕੇ ਲਾਈ ਚੁਆਤੀ ।
ਪੰਜ ਸ਼ੀਲ ਨੂੰ ਮੰਨ ਕੇ ਫਿਰ ਠੋਰੀ ਛਾਤੀ ।
ਚਿੱਟੀ ਬਰਫ ਹਿਮਾਲੀਆ ਵਿਚ ਲਹੂ ਨ੍ਹਾਤੀ ।

੨

ਤਿਬੱਤ ਨੂੰ ਹਥਿਆ ਲਿਆ ਉਸ ਕੀਤਾ ਧੱਕਾ ।
ਕਿਸੇ ਨਾ ਉਥੋਂ ਰੋਕਿਆ ਨਾ ਪਾਇਆ ਡੱਕਾ ।
ਬਣਿਆ ਕੂੜ ਗੁਆਂਢੀਆਂ ਦਾ ਮਿਤੱਰ ਪੱਕਾ ।
ਭਾਰਤ ਵਲ ਨੂੰ ਝਾਕਦਾ ਕਰ ਜੱਕੋ ਤੱਕਾ ।
ਨਿਰਪਖਤਾ ਦੀ ਪਾਲਸੀ ਓਹ ਝਲ ਨਾ ਸੱਕਾ ।

੩

ਦੁਨੀਆ ਅੰਦਰ ਵੇਖਿਆ ਉਸ ਭਾਰਤ ਸੰਦਾ ।
ਨਹਿਰੂ ਨੀਤੀ ਕਾਰਨੇ ਹੈ ਮਾਣ ਵਧੰਦਾ ।
ਕੀਤੀ ਚੀਨੇ ਈਰਖਾ ਕਰ ਦੀਦਾ ਮੰਦਾ ।
ਸਾੜਾ ਕਰ ਹੰਕਾਰਿਆ ਹੋ ਮਗਜੋਂ ਗੰਦਾ ।

੪

ਭਾਰਤ ਦੀ ਸਰਹੱਦ ਨਾਲ ਸੜਕਾਂ ਬਣਵਾਈਆਂ ।
ਜੰਗ ਸਮਾਨਾ ਖਿੱਚਿਆ ਤੇ ਫੌਜਾਂ ਧਾਈਆਂ ।
ਗੁਪਤੀ ਸਰਵੇ ਕਰ ਲਿਆ ਤੇ ਵਿਓਂਤਾਂ ਲਾਈਆਂ ।
ਸੁਤੱਾ ਮਿੱਤਰ ਮਾਰਦਾ ਪਾ ਭੁਲ ਭੁਲਾਈਆਂ ।

Digitized by Panjab Digital Library | www.panjabdigilib.org

੫

ਭਾਰਤ ਬਹੁ ਨਿਸਚਿੰਤ ਸੀ ਤੇ ਮੌਜਾਂ ਮਾਣੇ।
ਕਿਨ੍ਹਾਂ ਮਾਓਂ ਜੰਮਿਆਂ ਜੋ ਭਾਰਤ ਧਾਣੇ।
ਨਾਲ ਗਰੀਬੀ ਜੂਝਦਾ ਕਹੇ ਚਿੰਨ ਮਿਟਾਣੇ।
ਪੱਖ ਪੂਰਦਾ ਚੀਨ ਦਾ ਸਭ ਦੁਨੀਆਂ ਜਾਣੇ।
ਯੂ ਐਨ ਓ ਵਿਚ ਉਸਨੂੰ ਕਹੇ ਹੱਕ ਦੁਆਣੇ।
ਮਿੱਤਰ ਹਾਮੀ ਅਮਨ ਦਾ ਉਹਨੂੰ ਭਾਰਤ ਜਾਣੇ।
ਪਰ ਮਿੱਤਰ ਮੌਕਾ ਅਉਣ ਤੇ ਸਭ ਜਾਣ ਪਛਾਣੇ।

੬

ਪੰਜ ਸ਼ੀਲ ਕਲਿਆਣ ਦਾ ਇਸ ਰਾਹ ਦਰਸਾਇਆ।
ਸ਼ਾਂਤ ਮਈ ਤੇ ਅਮਨ ਦਾ ਇਸ ਡੰਕ ਵਜਾਇਆ।
ਕਿਓਂਕਿ ਬਾਝੋਂ ਅਮਨ ਦੇ ਸਭ ਹੋਏ ਸਫਾਇਆ।
ਵੇਖ ਅਹਿੰਸਾਵਾਦ ਨੂੰ ਚੀਨਾ ਲਲਚਾਇਆ।
ਸਾਮਰਾਜ ਨੂੰ ਧਾਰ ਕੇ ਭਾਰਤ ਵਲ ਧਾਇਆ।

੭

ਚੀਨੇ ਬ੍ਰਮਾ ਨਾਲ ਲਾਇਨ ਮਕਮੋਹਨ ਮੰਨੀ।
ਨਾਲ ਜਾ ਪਾਕਿਸਤਾਨ ਦੇ ਉਸ ਜੋੜੀ ਕੰਨੀ।
ਕੀਤੇ ਮਿੱਤਰ ਫੈਸਲੇ ਉਸ ਬੰਨੋ ਬੰਨੀ।
ਪਰ ਭਾਰਤ ਵਲ ਆਣਕੇ ਲਾਇਨ ਹੱਦ ਭੰਨੀ।

੮

ਰਖੱਣ ਵੈਰ ਹਕੂਮਤਾਂ ਇਤਹਾਸ ਦਸਾਵਣ।
ਫਿਰਦੇ ਕਰਕੇ ਸੰਧੀਆਂ ਮੁੜ ਦਗ਼ੇ ਕਮਾਵਣ।
ਕਰਦੇ ਰਾਜ ਵਿਸ਼ਾਲਤਾ ਵਿਚ ਰੱਤੂ ਨ੍ਹਾਵਣ।
ਹਸਦੇ ਵਸਦੇ ਜੱਗ ਨੂੰ ਇਓਂ ਨਰਕ ਬਣਾਵਣ।

Digitized by Panjab Digital Library | www.panjabdigilib.org

੯

ਵੱਧ ਆਬਾਦੀ ਚੀਨ ਦੀ ਵਿਚ ਦੁਨੀਆ ਕੱਲਾ ।
ਅੰਨ੍ਹੀ ਤਾਕਤ ਬਿਫਰੀ ਚਾ ਹੋਇਆ ਝੱਲਾ ।
ਅਮਨ ਬੁਲਾਰੇ ਛੇੜਿਆ ਬਣ ਨੀਚ ਨਿਗੱਲਾ ।
ਵੀਹ ਅਕਤੂਬਰ ਬ੍ਹਾਠ ਨੂੰ ਆ ਕੀਤਾ ਹੱਲਾ ।
ਚੜ੍ਹਿਆ ਨ੍ਹੇਰੀ ਵਾਂਗਰਾਂ ਕਰ ਜ਼ੋਰ ਅਵੱਲਾ ।
ਪਰਬਤ ਵਿਚ ਹਿਮਾਲੀਆ ਨਾ ਪੈਸੀ ਠੁਲਾ ।

੧੦

ਰੋਹ ਭਾਰਤ ਵਿਚ ਫੈਲਿਆ ਜਿਉਂ ਝਲੀਂ ਅੱਗਾਂ ।
ਡੌਲੇ ਫਰਕਣ ਜੋਸ਼ ਵਿਚ ਦੌੜੀ ਰੱਤ ਰਗਾਂ ।
ਆਹੂ ਲਾਹੁਣੇ ਗਭਰੂਆਂ ਫੜ ਦੁਸ਼ਮਣ ਠਗਾਂ ।
ਕਹਿੰਦੇ ਫੜ ਫੜ ਚਬੱਣਾ ਅਸਾਂ ਚੀਨੀ ਵੱਗਾਂ ।
ਵੱਢ ਵੱਢ ਕਰਨੇ ਡਕੱਰੇ ਜੋ ਲਾਹੁਣ ਪੱਗਾਂ ।

੧੧

ਦੇਸ਼ ਏਸ ਵਿਚ ਸੁਹਣਿਓਂ ਅਣਖੀ ਤਾਸੀਰਾਂ ।
ਜ਼ੁਲਮ ਜਬਰ ਨੂੰ ਵਿੰਨ੍ਹਿਆ ਅਰਜਨ ਦੇ ਤੀਰਾਂ ।
ਦਸੱਣ ਰਾਹ ਨਿਰਵਾਣ ਦਾ ਬੋਧੀ ਤਦਬੀਰਾਂ ।
ਦਿੱਤਾ ਪ੍ਰੇਮ ਸੰਦੇਸ਼ ਸੀ ਨਾਨਕ ਜਹੇ ਪੀਰਾਂ ।
ਸ਼ਿਵਾ ਜੀ ਪਰਤਾਪ ਨੇ ਘੜੀਆ ਤਕਦੀਰਾਂ ।
ਏਥੇ ਗੁਰ ਦਸ਼ਮੇਸ਼ ਨੇ ਵਾਹੀਆਂ ਸ਼ਮਸ਼ੀਰਾਂ ।
ਗਾਂਧੀ ਅਤੇ ਸੁਭਾਸ਼ ਭਗਤ ਸਿੰਘ ਨਹਿਰੂ ਵੀਰਾਂ ।
ਖ਼ੂਨ ਡੋਲ੍ਹ ਕੇ ਜਿਗਰ ਦਾ ਕੱਟੀਆਂ ਜ਼ੰਜੀਰਾਂ ।

Digitized by Panjab Digital Library | www.panjabdigilib.org

੧੨

ਲਿਖਿਆ ਇਓਂ ਮਰਜੀਵੜਿਆ ਵਿਚ ਨਹਿਰੂ ਖੱਤਾਂ ।
ਅਸੀਂ ਹੋਲੀ ਖੇਡੀਏ ਖ਼ੂਨ ਦੀ ਵਿਚ ਚੀਨੀ ਰੱਤਾਂ ।
ਅਸੀਂ ਛਾ ਕੇ ਹਿੱਕਾਂ ਭੁੰਨੀਏਂ ਜੋ ਚੁਕੱਣ ਅੱਤਾਂ ।
ਸਿਰ ਦੇਣਾ ਮਨਜ਼ੂਰ ਹੈ ਜੇ ਰੁੈਸਣ ਪੱਤਾਂ ।

੧੩

ਪਹਿਲਾਂ ਹੱਲੇ ਦੇਸ਼ ਤੇ ਜੋ ਹੋਏ ਹਜ਼ਾਰਾਂ ।
ਵੰਡਿਆ ਜਾਂਦਾ ਦੇਸ਼ ਸੀ ਕਾਰਨ ਗੱਦਾਰਾਂ ।
ਪਰ ਇਸ ਵਾਰੀ ਉਠੀਆਂ ਇਕੋ ਲਲਕਾਰਾਂ ।
ਬੱਚਾ ਬੱਚਾ ਆਖਦਾ ਫੜ ਦੁਸ਼ਮਣ ਮਾਰਾਂ ।

੧੪

ਨਹਿਰੂ ਕੀਤੀ ਬੇਨਤੀ ਕਰ ਯੁਧ ਪੁਕਾਰਾਂ ।
ਹੋਈ ਕੌਮੀ ਏਕਤਾਂ ਛੱਡ ਸੱਭੇ ਖਾਰਾਂ ।
ਕੱਠਾ ਹੋਇਆ ਵਾਰ ਫੰਡ ਇਓਂ ਬਾਝ ਸ਼ੁਮਾਰਾਂ ।
ਦੇਣ ਸੁਹਾਗ ਨਸ਼ਾਨੀਆਂ ਲਾਹ ੨ ਮੁਟਿਆਰਾਂ ।
ਦੇਵਣ ਜ਼ਖਮੀਆਂ ਵਾਸਤੇ ਕੱਢ ਖ਼ੂਨ ਕੁਹਾਰਾਂ ।
ਦਾਨ ਅੱਖੀਆਂ ਕੀਤੀਆਂ ਕੀ ਗਲ ਉਚਾਰਾਂ ।

੧੫

ਮਾਵਾਂ ਆਖਣ ਪੁਤਰਾਂ ਛੱਡ ਦਿਓ ਬਹਾਰਾਂ ।
ਪਾਲੇ ਮਿਣ ਮਿਣ ਪੋਟਿਆਂ ਕਰ ਲਾਡ ਮਲ੍ਹਾਰਾਂ ।
ਦੁਸ਼ਮਣ ਆਕੇ ਹੱਦ ਤੇ ਅਜ ਮਾਰਨ ਟਾਹਰਾਂ ।
ਭੀੜ ਪਈ ਹੁਣ ਦੇਸ਼ ਤੇ ਚੁਕੋ ਹਥਿਆਰਾਂ ।

Digitized by Panjab Digital Library | www.panjabdigilib.org

੧੬

ਚੁਕਣ ਘੁੰਡ ਸੁਹਾਗ ਦਾ ਰਣ ਚੰਡੀ ਨਾਰਾਂ ।
ਅਜ ਬਚਾਵੇ ਸਤ ਨੂੰ ਆਖਣ ਦਿਲਦਾਰੀ ।
ਟਿੱਕੇ ਲਾਵਣ ਬੀਰਤਾ ਹਸ ਨਾਲ ਪਿਆਰਾਂ ।
ਤੋਰਨ ਦਿਲ ਦਿਆਂ ਜਾਨੀਆਂ ਲਾ ਹਾਰ ਸ਼ਿੰਗਾਰੀ

੧੭

ਭੈਣਾਂ ਆਖਣ ਵੀਰ ਨੂੰ ਸੁਣ ਯੁਧ ਵੰਗਾਰਾਂ ।
ਦੁਸ਼ਮਣ ਲਾਈ ਅੱਗ ਹੁਣ ਭਾਰਤ ਗੁਲਜ਼ਾਰੀ ।
ਲੈ ਵੀਰਾ ਹੁਣ ਰਖੱੜੀ ਚੁਮੀਂ ਤਲਵਾਰਾਂ ।
ਤਰਸਣ ਪਈਆਂ ਖ਼ੂਨ ਨੂੰ ਤੇਗਾਂ ਦੀਆਂ ਧਾਰਾਂ ।
ਜਾ ਕੇ ਉਤੇ ਹੱਦ ਦੇ ਲੈ ਦੁਸ਼ਮਣ ਸਾਰੀ ।

੧੮

ਚੜ੍ਹ ਪਏ ਚੀਨੀ ਜੰਗ ਨੂੰ ਕਰ ਭੜ ਭੜ ਭੜਕਣ ।
ਟੈਂਕ ਹਜ਼ਾਰਾਂ ਵੱਗ ਪਏ ਤੁਰ ਖੜ ਖੜ ਖੜਕਣ ।
ਧੜ ਧੜ ਧੂੜਾਂ ਪੱਟੀਆਂ ਪਏ ਪਰਬਤ ਧੜਕਣ ।
ਤੋਪਾਂ ਟੈਂਕੀਂ ਲੱਦੀਆਂ ਚਲ ਕੜ ਕੜ ਕੜਕਣ ।
ਬੰਬ ਲਏ ਗਰਨੈਡ ਨਾਲ ਫਟ ਗੜ੍ਹ ਗੜ੍ਹ ਗੜ੍ਹਕਣ ।
ਘੋੜੇ ਟੈਰੀ ਖੱਚਰਾਂ ਉਡੱਣ ਨਾ ਅੜ੍ਹਕਣ ।
ਕਾਲ ਘਟਾ ਘਨਘੋਰ ਜਿਓਂ ਬਹੁ ਹਿਣਕਣ ਬੜ੍ਹਕਣ ।
ਮੋਢੀਂ ਆਟੋਮੈਟਕਾਂ ਰਫਲਾਂ ਸਭ ਲਟਕਣ ।
ਨੇਫਾ ਅਤੇ ਲਦਾਖ ਚਾ ਅੱਖਾਂ ਵਿਚ ਰੜ੍ਹਕਣ ।

Digitized by Panjab Digital Library | www.panjabdigilib.org

੧੯

ਸੁਣ ਕੇ ਚੀਨੀ ਕਾਰੇ, ਮਿਤਰ ਘਾਤ ਦੇ ।
ਚੜ ਪਏ ਬੀਰ ਕਰਾਰੇ, ਫੌਜਾਂ ਭਾਰਤੀ ।
ਟੈਂਕ ਜਹਾਜ਼ੀਂ ਚਾੜ੍ਹੇ, ਪੁਰਜ਼ੇ ਖੋਲ ਕੇ ।
ਤੋਪਾਂ ਬੰਬ ਨਾਬਾਰੇ, ਸੱਭੇ ਲੱਦੀਆਂ ।
ਜੰਗ ਸਮਾਨੇ ਸਾਰੇ, ਡੱਬੇ ਖਿੱਚ ਲਏ ।
ਹਵਾੜ ਜਹਾਜ਼ ਉਡਾਰੇ, ਕਰ ਕੇ ਤੇਜ਼ੀਆਂ ।
ਜਾ ਕੇ ਡੱਬ ਉਤਾਰੇ, ਵਿਚ ਹਿਮਾਲੀਆ ।
ਮਾਰਦੀਆਂ ਚਮਕਾਰੇ, ਰੌਨ ਸੰਗੀਨਾਂ ।
ਜਿਉਂ ਬਿਜਲੀ ਲਿਸ਼ਕਾਰੇ, ਕਾਲੇ ਬਦੱਲਾਂ ।
ਜੋਧੇ ਬਹੁ ਬਲਕਾਰੇ, ਸੂਰੇ ਸੰਘਾਰੇ ।
ਮਾਰਨ ਇਉਂ ਭਬਕਾਰੇ, ਗਜੱਣ ਸ਼ੇਰ ਜਿਉਂ
ਚੀਨੀ ਦੈਂਤ ਹੰਕਾਰੇ, ਕਹਿੰਦੇ ਚੱਬਣੇ ।
ਮਾਰਨ ਬਹੁ ਲਲਕਾਰੇ, ਜਾ ਕੇ ਮੋਰਚੀਂ ।

੨੦

ਹਰ ਸ਼ੈ ਹਵਾੜ ਜਹਾਜ਼ ਤੇ ਸੀ ਪਈ ਪੁਜਾਣੀ ।
ਘੱਲਿਆ ਰਾਹੀਂ ਖਚੱਰਾਂ ਸਭ ਦਾਣਾ ਪਾਣੀ ।
ਰਾਖੀ ਕਰੇ ਹਿਮਾਲੀਆ ਸੀ ਰੀਤ ਪੁਰਾਣੀ ।
ਹੱਲਾ ਹੋਇਆ ਚਾਨਚੱਕ ਨਾ ਸੁਪਨੇ ਜਾਣੀ ।
ਬਰਫ ਉਚਾਈ ਪਰਬਤਾਂ ਪਈ ਫੌਜ ਲਜਾਣੀ ।
ਭੈੜੇ ਰਾਹ ਬਹੁ ਮੁਸ਼ਕਲਾਂ ਹੋਈ ਆਣੀ ਜਾਣੀ ।
ਫਿਰ ਵੀ ਬੀਰਾਂ ਹਿੰਦੀਆਂ ਕੀਤੀ ਕੁਰਬਾਨੀ ,
ਪਾਈ ਧਾਂਕ ਬਹਾਦਰੀ ਵਿਚ ਦੋਹੀਂ ਜਹਾਨੀਂ ।

Digitized by Panjab Digital Library | www.panjabdigilib.org

੨੧

ਖਿੱਤਾ ਇਹ ਬਰਫਾਨੀ, ਭਾਣਾ ਵਰਤਦਾ ।
ਹੁੰਦੀ ਬਹੁਤ ਹਰਾਨੀ, ਕੁਦਰਤ ਰੰਗ ਤੋਂ ।
ਚੋਟੀਆਂ ਉਚ ਲਾਸਾਨੀ, ਦੁਨੀਆ ਜਾਣਦੀ ।
ਛੂਹੰਦੀਆਂ ਨੇ ਅਸਮਾਨੀ, ਬਰਫਾਂ ਲੱਦੀਆਂ ।

੨੨

ਖਾਸੀ ਅਜਬ ਕਹਾਣੀ, ਏਸ ਪਹਾੜ ਦੀ ।
ਮਿਲੇ ਨਾ ਏਥ ਪਾਣੀ, ਥਾਂ ਸਿਰ ਪੀਣ ਨੂੰ ।
ਪਏ ਪਿਆਸ ਬੁਝਾਣੀ, ਬਰਫਾਂ ਢਾਲ ਕੇ ।
ਚੁਭਦਾ ਜਾਪੇ ਪਾਣੀ, ਛੁਰੀਆ ਵਾਂਗਰਾਂ ।
ਦਿੱਸੇ ਸੁੰਨ ਮਸਾਣੀ, ਚਾਰ ਚੁਫੇਰਿਓਂ ।
ਬੰਜਰ ਆਦਮਖਾਣੀ, ਪੈਂਦੀ ਖਾਣ ਨੂੰ ।
ਸਰਦੀ ਰੱਤ ਜਮਾਣੀ, ਪਾਉਂਦੀ ਸੈਕੜੇ ।
ਰੇਤੜ ਗਰਦ ਉਡਾਣੀ, ਝੁਲਣ ਨ੍ਹੇਰੀਆਂ ।
ਭੂਰੇ ਪੱਥਰ ਜਾਣੀ, ਖੜ ਖ਼ੜ ਵੱਜਦੇ ।
ਏਥੇ ਭਾਰਤ ਠਾਣੀ, ਜਾ ਕੇ ਜੂਝਣਾਂ ।
ਅੱਗ ਬਰਫ ਨੂੰ ਲਾਣੀ, ਰੱਤੀ ਡੋਲ੍ਹ ਕੇ ।
ਜਾ ਕੇ ਪੱਤ ਬਚਾਣੀ, ਭਾਰਤ ਮਾਤ ਦੀ ।
ਪੁੱਜੇ ਨਾ ਕੋਈ ਹਾਣੀ, ਪਿਆਰੇ ਦੇਸ਼ ਨੂੰ ।

੨੩

ਚੀਨੀ ਫੌਜ ਅਵੱਲੀ, ਵਾਂਗ ਤੁਫਾਨ ਦੇ ।
ਹੋ ਇਕ ਤਾਰੇ ਚੱਲੀ ਵਲ ਸਰਹੱਦ ਦੇ ।

੨੩

ਆਣ ਪਈ ਤਰਥੱਲੀ, ਉਤੇ ਚੌਕੀਆਂ ।
ਪੈ ਗਈ ਬਹੁ ਹਲਚੱਲੀ, ਨੀਫਾ ਆਣਕੇ ।
ਪਰਬਤ ਮੰਗਣ ਬੱਲੀ, ਆਦਮ ਖੂਨ ਦੀ ।
ਹਿੰਦ ਫੌਜ ਪਾਈ ਠੱਲੀ, ਵਿਚ ਲਦਾਖ ਦੇ ।
ਅੜੇ ਪੁਜ਼ੀਸ਼ਨ ਮੱਲੀ ਵਾਂਗ ਚਟਾਨ ਦੇ ।
ਤਾਣ ਛਾਤੀਆਂ ਘੱਲੀ, ਪਿਛਾਂਹ ਧਾੜ ਇਹ ।
ਪਰ ਕੁਝ ਪੈਰੋਂ ਹੱਲੀ, ਨੀਫਾ ਜੂਝ ਕੇ ।

੨੪

ਥੋੜੇ ਫੌਜੀ ਭਾਰਤੀ, ਦਲ ਚੀਨ ਵਧੇਰੇ ।
ਇਕ ਇਕ ਉਤੇ ਟੁਟ ਪਏ ਬਣ ਟੂਲ ਘਨੇਰੇ ।
ਬਾਜ਼ੀ ਲਾਈ ਜਾਨ ਦੀ ਇਹ ਅੜੇ ਚੰਗੇਰ ।
ਚੀਨੀ ਟੁਕੱਣ ਉਂਗਲਾ ਜਾਂ ਵੇਖਣ ਜੇਰੇ ।
ਪਾਈਆਂ ਅੰਤ ਸ਼ਹੀਦੀਆਂ ਕਰ ਹੱਥ ਦਲੇਰੇ ।

੨੫

ਚੌਕੀਆਂ ਉਤੇ ਆਕੇ, ਫੌਜਾ ਜੁਟੀਆਂ ।
ਛਡੱਣ ਫਾਇਰ ਦਬਾਕੇ, ਝੜੀਆਂ ਲੱਗੀਆਂ ।
ਪੈਂਦੇ ਬੰਬ ਧਮਾਕੇ, ਟਿੱਬੇ ਗੂੰਜ ਦੇ ।
ਧਰਤੀ ਤੇ ਪਟਕਾਕੇ, ਸੁੱਟਣ ਸੂਰਮੇ ।
ਖੱਡੀਂ ਡਿਗੱਣ ਜਾਕੇ, ਤੜਫਣ ਰੋਹਲੇਂ ।
ਮੱਛੀ ਸਹੇ ਕੜਾਕੇ, ਜਿਉਂ ਬਿਨ ਨੀਰ ਤੋਂ ।

੨੬

ਢੋਰ ਜਿਉਂ ਕਰ ਛੱਲੀਆਂ ਰਲ ਕੁਟੇਂ ਜੱਟਾਂ ।
ਰਫਲੀ ਵਾਂਗਰ ਮੋਲ੍ਹਿਆਂ ਫੜ ਮਾਰਨ ਵੱਟਾਂ ।

Digitized by Panjab Digital Library | www.panjabdigilib.org

੯

ਇਕ ਦੂਜੇ ਵਲ ਦੌੜਦੇ ਜਿਉਂ ਬਾਘੀ ਨੱਟਾ ।
ਬੰਬੀ ਵੱਗੇ ਖੂਨ ਦੀ ਜਾ ਲਗੱਣ ਫੱਟਾਂ ।
ਕਬਜ਼ੇ ਰਖੱਣ ਕਰਨ ਲਈ ਬਹੁ ਕਰਦੇ ਝੱਟਾ ।
ਇਕ ਦੂਜੇ ਦਬ ਰੇੜਦੇ ਜਿਉਂ ਰੋੜਨ ਮੱਟਾਂ ।

੨੭

ਆਮੋ ਸ੍ਹਾਮਣ ਲੜਦੇ, ਵੱਡੇ ਸੂਰਮੇ ।
ਇਕ ਦੂਜੇ ਤੇ ਵੂਰਦੇ, ਝਪਟਾ ਮਾਰਦੇਂ ।
ਵਢੱਣ ਵਾਗਰ ਤਰਦੇ, ਵ੍ਹਾਉਂਦੇ ਚੰਡੀਆਂ ।
ਢਿਡੀਂ ਪਾੜੇ ਕਰਦੇਂ, ਖੋਭ ਸੰਗੀਨਾ ।
ਝਟਨੇਂ ਰੱਤਾਂ ਝਰਦੇਂ, ਵਾਂਗਰ ਫੁਹਾਰਿਆਂ ।
ਲੜ ਲੜ ਮਾਰਨ ਮਰਦੇ, ਸੂਹੇ ਖੇਤ ਵਿਚ ।
ਝਾੜ ਝਖਾੜੇਂ ਭਰਦੇਂ, ਲੋਥਾਂ ਵਿਛੀਆਂ ।
ਜਿਉਂ ਸਬੱਰ ਜੱਟ ਧਰਦੇ ਕਣਕਾਂ ਵਾਢੀਆਂ ।

੨੮

ਤੇਦੇਂ ਡਿਗੱਣ ਬਰਫ ਦੇ ਬਹੁ ਪਾਲਾ ਕੱਕਰ ।
ਹੋਇਆ ਜੰਗ ਮੁਕਾਬਲਾ ਤੇ ਡਾਢੋ ਟਕੱਰ ।
ਧੋਤੇ ਜਾਨੋਂ ਹੱਥ ਸੀ ਬਹੁ ਟੁਟੱਣ ਚੱਕਰ ।
ਲੜਦੇਂ ਸੂਰੇ ਖੇਤ ਵਿਚ ਦਮ ਆਖਰ ਤਕੱਰ ।

੨੯

ਫੌਜਾਂ ਵਿਚ ਲਦਾਖ ਦੇ ਸੀ ਵਾਹਵਾ ਅੜੀਆਂ ।
ਵਿਚ ਪਹਾੜਾਂ ਚਟਾਨ, ਜਿਉਂ ਡਾਹ ਛਾਤੀ ਦੜੀਆਂ ।
ਬਦੱਲ ਰਫਲੀ ਛਾ ਗਿਆ ਬਹੁ ਲਾਈਆਂ ਝੜੀਆਂ ।

Digitized by Panjab Digital Library | www.panjabdigilib.org

ਕੀਤੇ ਚੀਨੇ ਛਾਨਣੀ, ਕਰ ਜੂੱਸਾ ਲੜੀਆ ।
ਰੰਡੀਆ ਹੋਈਆਂ ਚੀਨਣਾ ਬਹੁ ਭੇਜੇਂ ਮੜ੍ਹੀਆ ।

੩੦ ।

ਮੇਜਰ ਸਿੰਘ ਸ਼ਤਾਨ, ਵਿਚ ਲਦਾਖ ਦੇ ।
ਕੀਤਾ ਕੰਮ ਮਹਾਨ, ਦੁਨੀਆਂ ਜਾਣਦੀ ।
ਛੱਡਿਆ ਨਹੀਂ ਮਦਾਨ ਜੀਉਂਦੇ ਜੀਂਦਿਆਂ ।
ਦਿੱਤਾ ਇਹ ਵਿਖਿਆਨ, ਛਟੱੜ ਹੋਇਕੇ ।
ਜੀਵੇਂ ਹਿੰਦੁਸਤਾਨ, ਮਰੀਏ ਦੇਸ਼ ਲਈ ।
ਦੱਸਿਆ ਇਉਂ ਸਵਮਾਨ, ਪਿਆਰੀ ਹਿੰਦ ਦਾ ।

੩੧

ਆ ਕੇ ਗਿਰਦ ਚਸ਼ੂਲ ਦੇ ਥਾ ਤੋਪਾਂ ਮਲੱਣ
ਜਿਉਂ ਕਰ ਬਦੱਲ ਗਰਜਦੇ ਤਿਉਂ ਗੋਲੇ ਚਲਣ ।
ਵਾਗਰ ਕੜਕਣ ਬਿਜਲੀ ਨਾ ਮਾਰੋਂ ਟਲੱਣ
ਸਰੜ ਸਰੜ ਲੰਘ ਛਾਤੀਓਂ ਭੁੰਨ ਆਦਾਂ ਸਲੱਣ
ਝਰੜ ਝਰੜ ਅੰਗ ਪਿੰਜਦੇ ਵੱਲ ਅਰਸ਼ਾਂ ਘਲੱਣ
ਸੂਰੇ ਮਰਨ ਕਬੂਲਦੇ ਇਕ ਪੈਰ ਨਾ ਹਲੱਣ
ਪੁਰਜ਼ਾ ਪੁਰਜ਼ਾ ਉਡਦਾ ਸਿਰ ਮੱਥੇ ਝਲੱਣ

੩੨

ਚੰਗੇ ਭਾਰਤ ਗਭਰੂਆਂ ਕੀਤੇ ਦੰਦ ਖੱਟੇ ।
ਜਬੱਰ ਬਣੇ ਫੁਲਾਦ ਵਾਂਗ ਨਾ ਪਿੱਛੇ ਹੱਟੇ ।
ਜਿਉਂ ਗੁੜਿਆ ਤਿਉਂ ਗੋਲੀਆਂ ਕਰਭੋਛੱਟੇ ।
ਜਿਉਂ ਲਕੱੜ ਪਈ ਵਾਢ ਤੇ ਭੁੰਨ ਚੀਨੇ ਸੱਟੇ ।

Digitized by Panjab Digital Library | www.panjabdigilib.org

ਵੇਖ ਮਸੀਬਤ ਗੈਬ ਦੀ ਪਏ ਦੁਸ਼ਮਣ ਮੱਠੇ ।
ਛੱਡ ਚਸ਼ੂਲੋਂ ਮੋਰਚੇ ਬਣ ਕਾਇਰ ਨੱਠੇ ।

੩੩

ਮਾਰ ਪਾਉਣ ਲਈ ਠੁੱਲ, ਫੌਜਾਂ ਭਾਰਤੀ ।
ਬੈਠੇ ਰਸਤਾ ਮੱਲ, ਆਣ ਤਵਾਂਗ ਦਾ ।
ਵੁੜਿਆ ਜੰਗੀ ਝੁੱਲ, ਲਸ਼ਕਰ ਚੀਨ ਨੂੰ ।
ਢੁੱਕਿਆ ਖਾਸਾ ਦੱਲ, ਕੂਕਾਂ ਮਾਰਦਾ ।
ਜਿਉਂ ਸਾਗਰ ਦੀ ਛੱਲ, ਕੰਢੇ ਤੋੜਦੀ ।
ਆਣ ਪਈ ਤਰਥੱਲ, ਫੌਜਾਂ ਜੁੱਟੀਆਂ ।

੩੪

ਕੀਤੀ ਬੰਬਾਂ ਗੋਲਿਆਂ ਬਹੁ ਧੂਆਂ ਧਾਰੀ ।
ਪੰਛੀ ਚਿੜ ਚਿੜ ਬੋਲਦੇ ਉਡ ਲਾਉਣ ਉਡਾਰੀ ।
ਸਹਿਮੇ ਸੱਭੇ ਜਾਨਵਰ ਵੜ ਲੁੱਕਣ ਗਾਰੀਂ ।
ਭੈ ਵਿਚ ਥਰ ਥਰ ਕੰਬਦੀ ਜੂਹ ਜੰਗਲ ਸਾਰੀ ।

੩੫

ਲੜਦੇ ਸੂਰੇ ਗੱਜਣ, ਅੰਦਰ ਘਾਟ ਦੇ ।
ਦਬ ਦਬ ਫਾਇਰ ਛੱਡਣ, ਫੜ ਨਸ਼ਾਲੀਆਂ ।
ਇਕ ਦੂਜੇ ਵਲ ਭੱਜਣ, ਸਾਨ੍ਹਾਂ ਵਾਂਗਰਾਂ ।
ਡਿਗੱਣ ਨਾਹੀਂ ਤਗੱਣ, ਲਗੱਣ ਗੋਲੀਆਂ ।
ਲੋਹੂ ਸੀਗਾ ਵਗੱਣ, ਕੀਤੇ ਛਾਨਣੀ ।
ਬੰਗੜਾ ਪਾ ਕੇ ਦਬੱਣ, ਚਿੱਟੇ ਕਫੱਣਾਂ ।

Digitized by Panjab Digital Library | www.panjabdigilib.org

੧੨

ਇਕ ਜੁਗਿੰਦਰ ਸਿੰਘ, ਸੂਬੇਦਾਰ ਸੀ ।
ਲੜਿਆ ਹੋਏ ਨਿਸੰਗ, ਆਮ੍ਹੋ ਸਾਮ੍ਹਣੇ ।
ਰਹਿ ਗਏ ਚੀਨੀ ਦੰਗ ਵੇਖ ਬਹਾਦਰੀ ।
ਡਾਢੀ ਕੀਤੀ ਜੰਗ ਉਸ ਬਲਕਾਰ ਨੇ ।
ਪੂਰੀ ਕਰੀ ਉਮੰਗ ਦੇਸ਼ ਪਿਆਰ ਦੀ ।

੩੭

ਆਣ ਜੁਗਿੰਦਰ ਸਿੰਘ ਵਿਚ ਵੈਰੀ ਦਲ ਵੜਿਆ ।
ਵਾਂਗ ਸੁਲਾਇਆ ਸੁਸਰੀ, ਜੋ ਅੱਗੇ ਅੜਿਆ ।
ਠਾਹ ਠਾਹ ਭੇਜੇ ਗੋਲੀਆਂ ਭੁੰਨ ਦੁਸ਼ਮਣ ਛੜਿਆ
ਫੇਰ ਸੰਗੀਨਾਂ ਵਾਹੀਆਂ ਬਹੁ ਸੂਰਾ ਲੜਿਆ ।
ਆਖਰ ਫਾਇਰ ਵੱਜਿਆ ਨਾ ਜਾਵੇ ਖੜਿਆ ।
ਪਾਈ ਸ਼ਹੀਦੀ ਸ਼ੇਰ ਨੇ ਰਣ ਯੋਧਾ ਦੜਿਆ ।
ਓੜਕ ਭਾਂਡਾ ਫਟਣਾ ਉਸ ਜਿਹੜਾ ਘੜਿਆ ।
ਸੋਚਿਆ ਸੂਰੇ ਮਨ ਵਿਚ ਇਉਂ ਦੇਸ਼ ਤੋਂ ਮਰਿਆ ।

੩੮

ਰਜਮੰਟ ਸਿੱਖ ਬਠਾਈ ਆਣ ਵਾਲੌਂਗ ਤੇ ।
ਚੀਨੀ ਸੈਨਾ ਧਾਈ, ਭਾਂਬੜ ਬਾਲਦੀ ।
ਹਾਹਾਕਾਰ ਮਚਾਈ, ਚੌਕੀ ਆਣਕੇ ।
ਭਖ ਪਈ ਖੂਬ ਲੜਾਈ, ਸੈਨਾ ਜੁੱਟੀਆਂ ।
ਗੋਲੀਆਂ ਛਹਿਬਰ ਲਾਈ, ਲੋਥਾਂ ਵਿੱਛੀਆਂ ।
ਜਿਉਂ ਕਰ ਧਰਤ ਵਿਛਾਈ, ਸੱਥਰ ਗੰਨਿਆਂ ।

Digitized by Panjab Digital Library | www.panjabdigilib.org

ਲੋਹੂ ਬਰਫ ਰੰਗਾਈ, ਲਾਟਾਂ ਜਾਪਦੀ ।
ਪੈਂਦੇ ਵੈਣ ਦੁਹਾਈ, ਅੰਦਰ ਚੀਨੀ ਦੇ ।

੩੯

ਕੇਵਲ ਸਿੰਘ ਸਿਪਾਹੀ ਲੋਕੀ ਜਾਣਦੇ ।
ਢੰਗੀ ਧਾਕ ਬਠਾਈ ਚੀਨੀ ਮਾਰਕੇ ।
ਇਓਂ ਸੰਗੀਨ ਘੁਮਾਈ ਕੱਢੇ ਆਂਦਰਾਂ ।
ਸੂਤਰ ਲਾਲ ਰੰਗਾਈ ਸੁੱਕੇ ਨਿਚੜੇ ।
ਅੰਤ ਸ਼ਹੀਦੀ ਪਾਈ ਕੁਈਆ ਤੋਰਕੇ ।
ਜਿੰਦੜੀ ਘੋਲ ਘੁਮਾਈ ਪਿਆਰੇ ਦੇਸ਼ ਤੋਂ ।

੪੦

ਕੇਵਲ ਸਿੰਘ ਰਣਬੀਰ ਨੇ ਕਰ ਡਾਢਾ ਗੁਸਾ ।
ਜਿਓਂ ਕਰ ਮੱਲ ਅਖਾੜਿਆਂ ਵਿਚ ਦਸਣ ਜੁਸਾ ।
ਤਿਓਂ ਵੜਿਆ ਵਿਚ ਚੀਨੀਆਂ ਦੇ ਜ਼ੋਰੀ ਧੁੱਸਾਂ ।
ਲੜਿਆ ਖੇਡਿਆ ਜਾਨ ਤੇ ਨਾ ਜੀਊਂਦਾ ਹੁਸਾ

੪੧

ਗਤਕਾ ਜਿਓਂ ਖਿਡਾਰੀਆਂਕਈ ਦੁਸ਼ਮਣ ਕੁੱਟੇ ।
ਕੱਢੇ ਗੁਰਦੇ ਆਂਦਰਾਂ ਕਈ ਧਰਤੀ ਸੁੱਟੇ ।
ਢੁਗੇ ਲੱਗ ਸੰਗੀਨ ਹੋਏ ਬਣ ਡਿਗੇ ਨਿਖੁੱਟੇ ।
ਮਾਰਨ ਕੇਵਲ ਸਿੰਘ ਨੂੰ ਕਈ ਚੀਨੀ ਜੁੱਟੇ ।
ਦੌੜਨ ਬੰਨਣ ਟੋਲੀਆਂ ਰਲ ਮਾਰਨ ਛੁੱਟੇ ।

੪੨

ਜੌਹਰ ਦਖਾਇਆ ਓਸਨੇਂ ਬਹੁ ਖਲਕਤ ਜਾਣੇ ।
ਮਾਰੇ ਚੀਨੀ ਸੱਤ ਅੱਠ ਦੁਸ਼ਮਣ ਜਰਵਾਣੇ ।

Digitized by Panjab Digital Library | www.panjabdigilib.org

ਖੋਪਰ ਭੰਨੇ ਗੰਨ ਜਿਓਂ ਫੁੱਟਣ ਹਦਵਾਣੇ ।
ਓੜਕ ਧਰਤੀ ਡਿੱਗਿਆ ਲਏ ਸੁਰਗ ਟਿਕਾਣੇ ।

੪੩

ਨੀਫਾਂ ਵਿਚ ਪਰਸਿੱਧ ਹੈ ਇਕ ਨਮਕਾ ਚੋਆ ।
ਭਾਰੀ ਉਥੇ ਖੱਡ ਹੈ ਇਕ ਵੱਡਾ ਟੋਆ ।
ਬੈਠੀ ਰਜਮੰਟ ਰਾਜਪੂਤ ਲਿਆ ਸਭਨਾਂ ਢੋਆ
ਮੱਲੀ ਬੈਠੇ ਮੋਰਚੇ ਬਣ ਬੱਜਰ ਲੋਹਾ ।

੪੪

ਚੀਨੀ ਫੌਜੀ ਢੁੱਕ ਪਏ ਅਣ ਗਿਣਤ ਹਜਾਰਾਂ ।
ਮੂੰਹ ਅੜ ਗੰਨਾ ਕੀਤੀਆਂ ਬਹੁ ਫੈਰ ਬੁਛਾੜਾਂ ।
ਛਣ ਗਏ ਸੀਨੇ ਟਿੱਬਿਆਂ ਪਏ ਸਲ ਪਹਾੜਾਂ ।
ਪੱਥਰ ਕਿਣਕੇ ਉਡੱਦੇ ਬਹੁ ਗਰਦ ਉਡਾਰਾਂ ।
ਰੌਹ ਵਿਚ ਹਿੰਦੀ ਸੂਰਿਆਂ ਧੂਹੀਆਂ ਤਲਵਾਰਾਂ ।
ਫੜ ਫੜ ਚੀਨੀ ਦੁਸ਼ਮਣਾਂ ਬਹੁ ਚੀਰਨ ਮਾਰਾਂ ।
ਪਾਉਂਦੀਆਂ ਅੱਗੋਂ ਗੋਲੀਆਂ ਆ ਖੂਨ ਫੁਹਾਰਾਂ ।
ਜਿਓਂ ਤੌਲੇ ਲਾਹ ਚੱਕ ਤੋਂ ਰੱਖੇ ਘੁਮਿਆਰਾਂ ।
ਜਿਓਂ ਵੇਲੀਂ ਲਗ ਦਿਸਦੇ ਤਰਬੂਜ਼ ਹਜ਼ਾਰਾਂ ।
ਤਿਓਂ ਸਿਰ ਰੁਲਦੇ ਖੱਡ ਵਿਚ ਪਏ ਬੇਸ਼ੁਮਾਰਾਂ ।

੪੫

ਗੈਰਤ ਖਾਧੀ ਚੀਨੀਆ ਬਹੁ ਕਰੀ ਕੁੜੱਤਣ ।
ਕੋਲ ਸੁਦਾਗਰ ਸਿੰਘ ਦੇ ਆ ਘੇਰਾ ਘੱਤਣ ।
ਕੀਤੇ ਫਾਇਰ ਜੁਆਨ ਤੇ ਨਾ ਕੋਈ ਪੱਤਣ ।

ਮੁੜ ਫੇਰ ਕਰੇ ਹੌਲਦਾਰ ਨੇ ਜਾ ਸੀਨੇ ਛਟੱਣ ।
ਜਾਨਾਂ ਤਲੀਆਂ ਰੱਖੀਆਂ ਨਾ ਪਿੱਛੇ ਹੱਟਣ ।

੪੬

ਮੁੱਕੇ ਕਾਰਤੂਸ, ਹੌਲਦਾਰ ਦੇ ।
ਫਿਰ ਚੰਡੀ ਲਈ ਧੂਸ, ਬਿਜਲੀ ਵਾਂਗਰਾਂ ।
ਸਾਹ ਸਤ ਲੈਂਦੀ ਚੂਸ, ਜਿਥੇ ਵਜੱਦੀ ।
ਵੱਟੀ ਉਸ ਨੇ ਤੂਸ, ਘੇਰਾ ਤੋੜਿਆ ।

੪੭

ਮਾਰ ਸੁਦਾਗਰ ਸਿੰਘ ਨੇ ਕਈ ਪਾਰ ਬੁਲਾਏ ।
ਲੱਥਾਂ ਤੇ ਰੱਤ ਗੱਤਲੇ, ਪੈ ਠੰਢ ਜਮਾਏ ।
ਹੋਇਆ ਨਿਢਾਲਾ ਅੰਤ ਨੂੰ ਕੁਝ ਫਾਇਰ ਆਏ ।
ਪਾਈ ਸ਼ਹੀਦੀ ਸ਼ੇਰ ਨੇ ਨਾਉਂ ਅਮਰ ਬਣਾਏ ।
ਜਿੰਦ ਵਾਰ ਕੇ ਦੇਸ਼ ਤੋਂ ਸੀ ਫਰਜ਼ ਨਿਭਾਏ ।

੪੮

ਲਾਈਟ ਸਿੱਖ ਇਨਫੈਂਟਰੀ ਬੈਠੀ ਬਮਡੇਲਾ ।
ਕਰਦੇ ਗਸ਼ਤ ਜੁਆਨ ਸੀ ਵੇਖ ਚੰਗਾ ਵੇਲਾ ।
ਕਰੜ ਕਰੜ ਹੋਈ ਚਾਨਚੱਕ ਨਾਲ ਗੂੰਜਿਆ ਟਿੱਲਾ
ਜਿਉਂ ਕਰ ਪੱਕੀ ਸੜਕ ਤੇ ਪਿਆ ਦੌੜੇ ਠੂਲਾ ।
ਪੁੱਜੇ ਚੀਨੀ ਧਾੜਵੀ, ਆ ਪਿਆ ਝਮੇਲਾ ।

੪੯

ਚੀਨੀ ਤੁਰਦੇ ਆਏ, ਕਾਢੇ ਭੌਣ ਜਿਉਂ ।
ਆ ਦਸਤੇ ਵਲ ਧਾਏ, ਨਾਲ ਸਰਾਟਿਆਂ ।

Digitized by Panjab Digital Library | www.panjabdigilib.org

੧੬

ਅਗੋਂ ਆ ਟਕਰਾਏ, ਸੂਰੇ ਭਾਰਤੀ।
ਚੀਨੇ ਬਹੁ ਤਿੜਕਾਏ, ਭੁੱਜੇ ਮੱਕ ਜਿਓਂ।
ਧਰਤੀ ਤੇ ਫੜਕਾਏ, ਗੇਂਦਾ ਵਾਂਗਰਾਂ।
ਖਾਸੇ ਪਾਰ ਬੁਲਾਏ, ਭੁੰਨੇ ਕਾਲਜੇ।
ਅੰਤ ਸੁਅਰਗ ਸਿਧਾਏ, ਹਿੰਦੀ ਸੂਰਮੇ।

੫੦

ਬੈਠਾ ਸਿੰਘ ਅਜਮੇਰ ਕੋਲ ਤੰਦੂਰ ਦੇ।
ਕੀਤਾ ਕੰਮ ਦਲੇਰ, ਸੱਭੇ ਜਾਣਦੇ।
ਮਾਰੇ ਦੁਸ਼ਮਣ ਢੇਰ, ਓਹਨੇ ਖੜਗ ਲੈ।
ਪਾਈ ਸ਼ਹੀਦੀ ਫੇਰ, ਸਫਲੀ ਜਿੰਦਗੀ।

੫੧

ਵੇਖੇ ਦੁਸ਼ਮਣ ਓਸਨੇ ਕਰ ਲਈ ਤਿਆਰੀ।
ਫੂੰਡੇ ਫਾਇਰ ਭੇਜ ਕੇ ਕਰ ਛਹਿਬਰ ਭਾਰੀ।
ਲੜਿਆ ਮਰਨ ਕਬੂਲ ਕਰ ਜੋਧਾ ਬਲਕਾਰੀ।
ਧਰਤੀ ਹੋਈ ਰੰਗਲੀ ਇਓਂ ਰਤ ਡੁਲਾਰੀ।
ਵਿਛੌਣ ਸਾਲੂ ਲਾਲ ਜਿਓਂ ਕੀਤੀ ਰੰਗਸਾਰੀ।
ਛਿੱਟੇ ਚਰਬੀ ਲਹੂ ਦੇ ਜਾਪਣ ਫੁਬਕਾਰੀ।
ਆਖਰ ਮੁੱਕੇ ਕਾਰਤੂਸ ਫ਼ਿਰ ਫੜੀ ਕਟਾਰੀ।

੫੨

ਖਿੱਚੀ ਫਿਰ ਸ਼ਮਸ਼ੀਰ ਸਿੰਘ ਅਜਮੇਰ ਨੇ।
ਕੀਤੇ ਲੀਰੋ ਲੀਰ ਤੜਫਣ ਧਰਤ ਤੇ।
ਗਈ ਕਲੇਜੇ ਚੀਰ ਮਿੱਝਾਂ ਵੱਗੀਆਂ।

Digitized by Panjab Digital Library | www.panjabdigilib.org

ਪੈਂਦੀ ਨਹੀਂ ਖਲ੍ਹੀਹ ਅਲ੍ਹੋ ਫੱਟ ਸੀ ।
ਮਿਲਣ ਨਾ ਬੂੰਦਾਂ ਨੀਰ, ਫਰਕਣ ਬੁਲ੍ਹੀਆਂ ।
ਫਟਿਆ ਜਿਉਂ ਖਮੀਰ, ਬੁਸੱਣ ਬੋਟੀਆਂ ।
ਛਣਿਆ ਅੰਤ ਸ਼ਰੀਰ, ਸਾਰਾ ਸ਼ੇਰ ਦਾ ।
ਓੜਕ ਜਾ ਰਣਬੀਰ, ਸੁਰਗੀਂ ਵੱਸਿਆ ।

ਪ੩

ਵਿਚ ਕਬਿੱਬੂ ਚੀਨੀਆਂ ਆ ਭੜਬੂ ਪਾਇਆ ।
ਚੌਕੀ ਸਾਡੀ ਗੋਲਿਆਂ ਬਹੁ ਹੋਇਆ ਸਫਾਇਆ ।
ਮਿੱਟੀ ਜਿਉਂ ਇੱਟ ਰੋੜਿਆਂ ਸੜ ਰੰਗ ਵਟਾਇਆ
ਬੱਚੀ ਸਿੰਘ ਇਕ ਰਫਲਮੈਨ ਫੜ ਕੈਦ ਕਰਾਇਆ

ਪ੪

ਕੀਤਾ ਕੰਮ ਕਮਾਲ ਬੱਚੀ ਸਿੰਘ ਨੇ ।
ਤੁਰ ਪਏ ਚੀਨੀ ਨਾਲ ਤਿੰਨ ਕੁ ਓਸਦੇ ।
ਗਿਰਦੇ ਪਾਇਆ ਜਾਲ, ਸਿੰਨੀਆਂ ।
ਪੁੱਛਣ ਹਾਲ ਹਵਾਲ, ਭਾਰਤ ਫੌਜ ਦਾ ।
ਡੋਲਿਆ ਨਹੀਂ ਰਵਾਲ ਦਿੱਤਾ ਭੇਦ ਨਾ ।
ਸਮਝੀ ਸਾਰੀ ਚਾਲ, ਕਰ ਹੁਸ਼ਿਆਰੀਆਂ ।
ਸੱਭੇ ਦਿੱਤੇ ਟਾਲ, ਅੱਗੇ ਚੱਲ ਪਿਆ ।

ਪਪ

ਕੁਝ ਕਦਮ ਉਸ ਜਾਇਕੇ ਜਾਂ ਮਾਰਿਆ ਝਟਕਾ ।
ਦੁਸ਼ਮਣ ਪਾਸੋਂ ਛੁੱਟਿਆ ਨਾ ਲੱਗਾ ਫਟਕਾ ।
ਫਾਇਰ ਛੱਡੇ ਗੰਨ ਚੋਂ, ਕਰ ਚੰਗਾ ਖੜਕਾ ।

Digitized by Panjab Digital Library | www.panjabdigilib.org

ਮੁੜ ਦਾਬੜ ਭੇਜੀ ਚੀਨੀਆ ਕਰ ਖੜਕਾ ਦੜਕਾ
ਦੌੜਿਆ ਕੁਈਆਂ ਵਿੰਨ੍ਹ ਕੇ ਨਾ ਫ਼ਰਜ਼ੋਂ ਹਟਕਾ।

੫੬

ਕਰਦੇ ਮਾਰੋਮਾਰ, ਚੀਨੀ ਕੂਕਦੇ।
ਬਾਹਾਂ ਤਾਈਂ ਉਲਾਰ, ਚਾਂਗਾ ਮਾਰਦੇ।
ਆਉਂਦੇ ਕਈ ਹਜ਼ਾਰ, ਟਿੱਡੀ ਦਲ ਜਿਓਂ।
ਪੁੱਜੇ ਆ ਵਿਚਕਾਰ, ਹਿੰਦੀ ਫੌਜ ਦੇ।
ਲੱਗੀ ਅਬਰ ਬਹਾਰ, ਚਲੱਣ ਗੋਲੀਆਂ।
ਲੱਗੇ ਲੋਥ ਅੰਬਾਰ ਛਿੱਪਾ ਪੇਂਦੀਆਂ।
ਦੱਸਾ ਸਿੰਘ ਹੁਸ਼ਿਆਰ, ਸੀ ਬਰਗੇਡੀਅਰ।
ਡਾਢੀ ਧਾੜੀ ਮਾਰ, ਓਹਨੇ ਚੀਨੀਆਂ।
ਦਿੱਤੇ ਕਈ ਉਤਾਰ, ਘਾਟੇ ਮੌਤ ਦੀ।
ਗਿਆ ਅੰਤ ਸਿਧਾਰ, ਸੁਰਗੀਂ ਵਾਸ ਨੂੰ।

੫੭

ਲੰਗਜੂ ਆ ਹਥਿਆਇਆ ਦੁਸ਼ਮਣ ਧਾੜਵੀ।
ਆ ਗਲਵਾਨ ਬਣਾਇਆ ਅੱਡਾ ਆਪਣਾ।
ਤਵਾਂਗ ਵਾਲੋਂਗ ਦਬਾਇਆ ਬਹੁਤ ਲੜਾਇਆ।
ਸੇਲਾ, ਜਾਂਗ, ਮਿਟਾਇਆ ਨਾਮ ਨਿਸ਼ਾਨ ਤੋਂ।
ਕਿਬਥੂ ਵਿਚ ਜਮਾਇਆ ਡੇਰਾ ਆਪਣਾ।
ਬਮਡੇਲਾ ਕਰਵਾਇਆ ਰੱਖ ਚ ਆਪਣੀ।
ਆਣ ਕਮੇਂਗ ਦਬਾਇਆ, ਸੈਕਟਰ ਚੀਨੀਆਂ।
ਆ ਕੇ ਚਾਮਲ ਚਾਇਆ, ਕੁਈਆਂ ਚੌਕੀਆਂ।

Digitized by Panjab Digital Library | www.panjabdigilib.org

ਕਬਜ਼ਾ ਬਹੁ ਜਤਲਾਇਆ, ਹੱਦੀਂ ਆਣਕੇ।
ਭੈੜਾ ਖੂ਼ਲ ਰਚਾਇਆ, ਮਿੱਤਰ ਸੁੱਤਿਆਂ।
ਬਜ਼ੋਰ ਬਣ ਟੈਰਕਰਾਇਆ, ਇਕ ਇਕ ਭਾਰਤੀ।
ਚੰਗਾ ਮਜ਼ਾ ਚਖਾਇਆ, ਵਿਚ ਲਦਾਖ਼ ਦੇ।
ਪਿਛਾਂਹ ਪੈਰ ਹਟਾਇਆ, ਕੁਈਆਂ ਚੌਕੀਆਂ।
ਖ਼ਾਸ ਪਲਾਣ ਬਣਾਇਆ, ਸੋਚ ਵਿਚਾਰ ਕੇ।
ਰਤਾ ਨਹੀਂ ਘਬਰਾਇਆ, ਨਿੱਕੀ ਹਾਰ ਤੋਂ।
ਚੜ੍ਹ ਗਿਆ ਰੋਹ ਸਵਾਇਆ ਭਾਰੀ ਜੰਗ ਲਈ।
ਆਣ ਫਰੰਟ ਬਣਾਇਆ, ਪਿਛਲੀ ਲਾਇਨ ਤੇ।
ਜੰਗੀ ਨਾਦ ਗੁੰਜਾਇਆ, ਵਿਚ ਆਕਾਸ਼ ਤੇ।

## ੫੮

ਰਣ ਭੂਮੀ ਵਿਚ ਜਾਇਕੇ, ਨਾ ਪਿੱਠ ਵਖਾਈਏ।
ਪੁਰਜ਼ਾ ਪੁਰਜ਼ਾ ਉਡੀਏ, ਨਾ ਲੀਕ ਲੁਆਈਏ।
ਦੇਸ਼ ਕੌਮ ਦੇ ਯੁਧ ਵਿਚ ਤਨ ਭੇਟ ਚੜ੍ਹਾਈਏ।
ਹਦ ਜ਼ੁਲਮ ਦੀ ਟੱਪ ਜਾਏ, ਹਥਿਆਰ ਉਠਾਈਏ
ਜੀਵੀਏ ਮਰੀਏ ਦੇਸ਼ ਲਈ ਜਿੰਦ ਘੋਲ ਘੁਮਾਈਏ

## ੫੯

ਪਾਈਆਂ ਬਹੁਤ ਸ਼ਹੀਦੀਆ ਹੋਈ ਅਮਰ ਜਵਾਨੀ
ਲਿਖਣੀ ਅਦਭੁੱਤ ਬੀਰਤਾ ਸ਼ਮਤੱਬ ਨਾ ਕਾਨੀ
ਕੀਤਾ ਭਾਰਤ ਦੇਸ਼ ਨੇ ਕਰਤੱਵ ਲਾਸਾਨੀ
ਸਰਬ ਪੱਖ ਤੋਂ ਸਭ ਨੇ ਕੀਤੀ ਕੁਰਬਾਨੀ
ਬਦਲੀ ਕਰਕੇ ਏਕਤਾ ਇਤਹਾਸ ਕਹਾਨੀ

Digitized by Panjab Digital Library | www.panjabdigilib.org

੬੦

ਮਾਰਿਆ ਭਾਰਤ ਦੇਸ਼ ਨੇ ਜੰਗੀ ਲਲਕਾਰਾ ।
ਛੱਡੇ ਸਾਰੇ ਵਿਤਕਰੇ ਉਠ ਖੜ੍ਹਿਆ ਸਾਰਾ ।
ਘਾਤਕ ਚੀਨੀ ਪਾਲਸੀ ਸਭ ਹੋਈ ਨਿਕਾਰਾ ।
ਲਾਹਨਤ ਪਾਈ ਓਸ ਨੂੰ ਸਾਰੇ ਸੰਸਾਰਾ ।
ਬਣਿਆ ਭਾਰਤ ਪੱਖ ਦਾ ਜੱਗ ਹਾਮੀ ਭਾਰਾ ।
ਹੋਈ ਜਿੱਤ ਇਖਲਾਕ ਦੀ ਰਣ ਜੰਗੀ ਨਿਆਰਾ ।

੬੧

ਧਾਵਾ ਕੀਤਾ ਚੀਨ ਨੇ ਸਭ ਤੋੜ ਪ੍ਰੀਤੀ ।
ਹੱਦਾਂ ਉੱਤੇ ਆਣਕੇ ਕੁਝ ਭੂੰ ਜਿਤ ਲੀਤੀ ।
ਸੁਣ ਲਲਕਾਰਾ ਹਿੰਦ ਦਾ ਫਿਰ ਬਦਲੀ ਨੀਤੀ ।
ਮੱਲੀ ਭੂੰ ਨੂੰ ਛਡ ਕੇ ਦੌੜਨ ਦੀ ਕੀਤਾ ।
ਇਹ ਘਟਨਾ ਇਤਹਾਸ ਵਿਚ ਹੈ ਅਦਭੁੱਤ ਬੀਤੀ ।
ਕਰਦੀ ਜੋ ਬਦਨਾਮੀਆਂ ਹੈ ਲਾਹਨਤ ਨੀਤੀ ।
ਏਦੂੰ ਤਾਂ ਗੁਰਦੇਵ ਸਿੰਘ, ਵੱਟ ਚੁੱਪ ਚੁਪੀਤੀ ।

ਸਮਾਪਤ

---

ਸ੍ਰੀ ਸੋਮ ਦਤ ਗੌਤਮ ਮਾਲਿਕ ਦੁਆਰਾ
ਸ੍ਰੀ ਗੌਤਮ ਇਲੈਕਟ੍ਰਿਕ ਪ੍ਰੈਸ ਰੇਲਵੇ ਰੋਡ ਨਵਾਂ ਸ਼ਹਿਰ
ਵਿਖੇ ਛਾਪੀ ਗਈ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1307

Digitized by Panjab Digital Library | www.panjabdigilib.org

Digitized by Panjab Digital Library | www.panjabdigilib.org